Yuba-Sutter Transit

# ਡਾਇਲ-ਏ-ਰਾਈਡ ਲਈ ਗਾਈਡ: ਬਾਹਰ ਅੰਦਰ

## ਡਾਇਲ-ਏ-ਰਾਈਡ ਕੀ ਹੁੰਦਾ ਹੈ?

ਡਾਇਲ-ਏ-ਰਾਈਡ ਬਜ਼ੁਰਗਾਂ (65 ਸਾਲ ਤੋਂ ਵੱਧ ਉਮਰ ਵਾਲੇ) ਅਤੇ ਅਪਾਹਜ ਵਿਅਕਤੀਆਂ ਲਈ ਇੱਕ ਮੰਗ ਤੇ ਅਧਾਰਤ, ਕਰਬ-ਟੂ-ਕਰਬ, ਸਾਂਝੀ ਸਵਾਰੀ ਆਵਾਜਾਈ ਸੇਵਾ ਹੈ। ਇਹ ਯੋਗ ਸਵਾਰਾਂ ਲਈ ਪਹਿਲਾਂ ਤੋਂ ਫੋਨ ਤੇ ਰਿਜ਼ਰਵੇਸ਼ਨ ਕਰਕੇ ਪਹਿਲਾਂ ਆਓ, ਪਹਿਲਾਂ ਪਾਓ ਦੇ ਆਧਾਰ ਤੇ ਉਪਲਬਧ ਸਵਾਰੀ ਹੈ।

ਡਾਇਲ-ਏ-ਰਾਈਡ ਸੇਵਾ ਖ਼ਾਸ ਤੌਰ ਤੇ ਹਫ਼ਤੇ ਦੇ ਕੰਮਕਾਜੀ ਦਿਨਾਂ ਵਿੱਚ ਸਵੇਰੇ 6:30 ਵਜੇ ਤੋਂ ਰਾਤ 9:30 ਵਜੇ ਤੱਕ ਅਤੇ ਸ਼ਨੀਵਾਰ ਨੂੰ ਸਵੇਰੇ 8:30 ਵਜੇ ਤੋਂ ਸ਼ਾਮ 5:30 ਵਜੇ ਤੱਕ ਹੇਠਾਂ ਦਿੱਤੇ ਨਕਸ਼ੇ ਤੇ ਦਿਖਾਇਆ ਗਏ ਖੇਤਰਾਂ ਵਿੱਚ ਹੀ ਪ੍ਰਦਾਨ ਕੀਤੀ ਜਾਂਦੀ ਹੈ। ਐਂਤਵਾਰ ਜਾਂ ਤੈਅ ਛੁੱਟੀਆਂ ਤੇ ਸੇਵਾ ਨਹੀਂ ਦਿੱਤੀ ਜਾਂਦੀ ਹੈ।

## ਡਾਇਲ-ਏ-ਰਾਈਡ ਦੀ ਸੇਵਾ ਕੌਣ ਲੈ ਸਕਦਾ ਹੈ?

ਦਿਨ ਦੇ ਸਮੇਂ ਡਾਇਲ-ਏ-ਰਾਈਡ ਬਜ਼ੁਰਗਾਂ ਅਤੇ ਯੋਗ ਅਪਾਹਜ ਵਿਅਕਤੀਆਂ ਦੀਆਂ ਖ਼ਾਸ ਲੋੜਾਂ ਪੂਰਾ ਕਰਨ ਲਈ ਖ਼ਾਸ ਤੌਰ ਤੇ ਉਹਨਾਂ ਲੋਕਾਂ ਲਈ ਤਿਆਰ ਕੀਤੀ ਗਈ ਹੈ, ਜਿਹੜੇ ਸਥਾਨਕ ਸਥਾਈ ਰੂਟ ਸਿਸਟਮ ਦੀ ਵਰਤੋਂ ਕਰਨ ਕਰ ਪਾਉਂਦੇ ਹਨ।

ਯੋਗਤਾ ਤੈਅ ਕਰਨ ਲਈ ਜਾਂ ਬਜ਼ੁਰਗ/ਅਪਾਹਜਤਾ ਪ੍ਰਮਾਣੀਕਰਨ ਅਰਜ਼ੀ ਦੀ ਬੇਨਤੀ ਕਰਨ ਲਈ (530) 634-6880 (TTY 634-6889) ਤੇ ਕਾਲ ਕਰੋ।

ਹਫ਼ਤੇ ਦੇ ਕੰਮਕਾਜੀ ਦਿਨਾਂ ਦੌਰਾਨ ਸ਼ਾਮ ਸਮੇਂ ਯੋਗਤਾ

ਡਾਇਲ-ਏ-ਰਾਈਡ ਹਫ਼ਤੇ ਦੇ ਕੰਮਕਾਜੀ ਦਿਨਾਂ ਦੌਰਾਨ ਸ਼ਾਮ 6.00 ਵਜੇ ਤੋਂ ਬਾਅਦ ਯੋਗਤਾ ਪਾਬੰਦੀਆਂ ਦੇ ਬਿਨ੍ਹਾਂ ਕੰਮ ਕਰਦੀ ਹੈ। ਸ਼ਾਮ ਨੂੰ ਦਿੱਤੀ ਜਾਂਦੀ ਇਸ ਸੇਵਾ ਦੀ ਖਾਸੀਅਤ ਹੈ, ਘੱਟ ਕਿਰਾਇਆ, ਪਰ ਬਾਕੀ ਸਾਰੀਆਂ ਡਾਇਲ-ਏ-ਰਾਈਡ ਸੇਵਾ ਸੀਮਾਵਾਂ ਅਤੇ ਰਿਜ਼ਰਵੇਸ਼ਨ ਸ਼ਰਤਾਂ ਅਜੇ ਵੀ ਲਾਗੂ ਰਹਿਣਗੀਆਂ।

## ਡਾਇਲ-ਏ-ਰਾਈਡ ਦਾ ਕਿਰਾਇਆ

| | |
|---|---|
| ਬਜ਼ੁਰਗ (ਉਮਰ 65+)/ਅਪਾਹਜ/ADA ਯੋਗ ਲਈ ਕਿਰਾਇਆ* | $2.00 |
| ਸ਼ਾਮ 6:00 ਵਜੇ ਤੋਂ ਬਾਅਦ | $1.50 |
| ਸਾਥੀ ਦਾ ਕਿਰਾਇਆ (ਯੋਗ ਬਜ਼ੁਰਗ/ਅਪਾਹਜ ਬਾਲਗ਼) | $2.00 |
| ਸ਼ਾਮ 6:00 ਵਜੇ ਤੋਂ ਬਾਅਦ. | $1.50 |
| ਸ਼ਾਮ 6:00 ਵਜੇ ਤੋਂ ਬਾਅਦ ਘੱਟੋ ਘੱਟ ਕਿਰਾਇਆ | $3.00 |
| ਸ਼ਾਮ 6:00 ਵਜੇ ਤੋਂ ਬਾਅਦ ਕਿਸ਼ੋਰਾਂ (ਉਮਰ 5-18) ਲਈ ਕਿਰਾਇਆ* | $1.50 |
| ਨੌਜਵਾਨ ਨਾਲ 4 ਸਾਲ ਅਤੇ 4 ਸਾਲ ਤੋਂ ਘੱਟ ਦੇ ਬੱਚੇ | ਮੁਫ਼ਤ |
| (ਪ੍ਰਤੀ ਨੌਜਵਾਨ ਦੋ ਮੁਫ਼ਤ ਟਿਕਟਾਂ ਦੀ ਸੀਮਾ) | |
| ਟਿਕਟ ਸ਼ੀਟਾਂ (ਵੀਹ 50¢ ਟਿਕਟਾਂ) | $10.00 |

*ਯੂਬਾ-ਸਟਰ ਟ੍ਰਾਂਜ਼ਿਟ ਨਾਲ ਬਜ਼ੁਰਗ/ਅਪਾਹਜ/ADA ਯੋਗ/ਕਿਸ਼ੋਰ ਫ਼ੋਟੋ ਪਛਾਣ (ID) ਕਾਰਡ; ਮੈਡੀਕੇਅਰ ਕਾਰਡ; DMV ਪਲੇਕਾਰਡ ID ਦਾ ਪ੍ਰਿੰਟ; ਜਾਂ, ਇੱਕ ਮੰਨਣਯੋਗ ਡਰਾਈਵਰ ਲਾਇਸੈਂਸ ਜਾਂ ਰਾਜ ਵੱਲੋਂ ਜਾਰੀ ਕੀਤੀ ਫ਼ੋਟੋ ID (ਸਿਰਫ਼ ਉਮਰ ਦੇ ਸਬੂਤ ਲਈ)। ਹੋਰ ਟ੍ਰਾਂਜ਼ਿਟ ਏਜੰਸੀਆਂ ਦੇ ਜਾਰੀ ਕੀਤੇ ਗਏ ਮੰਨਜ਼ਯੋਗ ਬਜ਼ੁਰਗ/ਅਪਾਹਜ/ADA ਯੋਗ/ਕਿਸ਼ੋਰ ਫ਼ੋਟੋ ID ਕਾਰਡ 21 ਦਿਨਾਂ ਤੱਕ ਹੀ ਵੈਧ ਰਹਿਣਗੇ। ਮੈਡੀਕੇਅਰ ਕਾਰਡ ਅਤੇ DMV ਪਲੇਕਾਰਡ ਧਾਰਕਾਂ ਨੂੰ ਫ਼ੋਟੋ ID ਦਿਖਾਉਣੀ ਪਵੇਗੀ।


**ਸਹੀ ਕਿਰਾਇਆ ਦਿਓ**

**ਡਰਾਈਵਰਾਂ ਕੋਲ ਖੁਲ੍ਹੇ ਪੈਸੇ ਨਹੀਂ ਹੁੰਦੇ ਹਨ**

## ਛੁੱਟੀਆਂ

ਯੂਬਾ-ਸਟਰ ਟ੍ਰਾਂਜ਼ਿਟ ਹੇਠ ਲਿਖੀਆਂ ਛੁੱਟੀਆਂ ਤੇ ਕੋਈ ਵੀ ਸੇਵਾ ਮੁਹੱਈਆ ਨਹੀਂ ਕਰਦੀ ਹੈ:

| | |
|---|---|
| ਨਵੇਂ ਸਾਲ ਦਾ ਪਹਿਲਾ ਦਿਨ | ਆਜ਼ਾਦੀ ਦਿਹਾੜਾ |
| ਮਾਰਟਿਨ ਲੂਥਰ ਕਿੰਗ ਦਾ ਜਨਮਦਿਨ | ਮਜ਼ਦੂਰ ਦਿਹਾੜਾ |
| ਪ੍ਰੈਜ਼ੀਡੈਂਟ ਦਿਹਾੜਾ | ਧੰਨਵਾਦ ਦਿਹਾੜਾ |
| ਯਾਦਗਾਰ ਦਿਹਾੜਾ | ਕ੍ਰਿਸਮਸ ਦਿਹਾੜਾ |




ADA Paratransit service extends up to ¾ of a mile from any urban fixed route regardless of the boundaries shown above.

Yuba-Sutter Transit

## ਡਾਇਲ-ਏ-ਰਾਈਡ ਸੇਵਾ ਕਿਵੇਂ ਕੰਮ ਕਰਦੀ ਹੈ?

ਜਦੋਂ ਵੀ ਤੁਸੀਂ ਸੇਵਾ ਲਈ ਕਾਲ ਕਰਦੇ ਹੋ, ਬੱਸ ਤੁਹਾਡੇ ਸਥਾਨ ਤੱਕ ਪਹੁੰਚਣ ਵਿੱਚ ਲਗਭਗ 15 ਮਿੰਟ ਦਾ ਸਮਾਂ ਲੱਗੇਗਾ। ਇਹਨਾਂ 15 ਮਿੰਟਾਂ ਦੀ ਮਿਆਦ ਦੇ ਸ਼ੁਰੂ ਹੁੰਦੇ ਹੀ ਬੱਸ ਦੇ ਪਹੁੰਚਣ ਲਈ ਤਿਆਰ ਰਹੋ ਕਿਉਂਕਿ ਬੱਸ ਸਿਰਫ਼ ਇੱਕ ਮਿੰਟ ਹੀ ਇੰਤਜ਼ਾਰ ਕਰੇਗੀ ਅਸੀਂ ਤੁਹਾਨੂੰ ਤੁਹਾਡੀ ਮੰਜ਼ਿਲ ਤੇ ਜਲਦੀ ਪਹੁੰਚਾਉਣ ਦੀ ਪੂਰਾ ਉਪਰਾਲਾ ਕਰਦੇ ਹਾਂ, ਤੁਹਾਡੇ ਨਾਲ ਬੱਸ ਵਿੱਚ ਇੱਕੋ ਪਾਸੇ ਵੱਲ ਜਾ ਰਹੀਆਂ ਹੋਰ ਸਵਾਰੀਆਂ ਵੀ ਹੋ ਸਕਦੀਆਂ ਹਨ

ਵਧੇਰੀ ਜਾਣਕਾਰੀ ਅਤੇ ਯਾਤਰਾ ਦੀ ਯੋਜਨਾ ਬਣਾਉਣ ਵਿੱਚ ਸਹਾਇਤਾ ਲਈ, (530) 742-2877 (TTY 634-6889) ਤੇ ਕਾਲ ਕਰੋ।

## ਮੈਂ ਸੇਵਾ ਦੀ ਵਰਤੋਂ ਕਿਵੇਂ ਕਰ ਸਕਦਾ/ਸਕਦੀ ਹਾਂ?

ਸੇਵਾ ਸਬੰਧੀ ਬੇਨਤੀ ਕਰਨ ਲਈ ਸਾਨੂੰ ਘੱਟੋ ਘੱਟ 2 ਹਫਤੇ (14 ਦਿਨ) ਪਹਿਲਾਂ (530) 742-2877 (TTY 634-6889) ਤੇ ਕਾਲ ਕਰੋ। ਸਾਡਾ ਕਾਲ ਸੈਂਟਰ ਹਫ਼ਤੇ ਦੇ ਕੰਮਕਾਜ ਵਾਲੇ ਦਿਨਾਂ ਵਿੱਚ ਸਵੇਰੇ 5:00 ਵਜੇ ਤੋਂ ਲੈ ਕੇ ਰਾਤ 10:00 ਵਜੇ ਤੱਕ ਅਤੇ ਸ਼ਨੀਵਾਰ ਸਵੇਰੇ 8:00 ਵਜੇ ਤੋਂ ਲੈ ਕੇ ਸ਼ਾਮ 6:00 ਵਜੇ ਤੱਕ ਉਪਲਬਧ ਰਹਿੰਦੇ ਹਨ ਬੇਨਤੀ ਕਰਨ ਲਈ ਅਸੀਂ ਤੁਹਾਡੇ ਤੋਂ ਹੇਠ ਲਿਖੀ ਜਾਣਕਾਰੀ ਲਵਾਂਗੇ:

- ਤੁਹਾਡਾ ਨਾਮ
- ਤੁਸੀਂ ਕਿਹੜੇ ਦਿਨ ਯਾਤਰਾ ਕਰਨਾ ਚਾਹੁੰਦੇ ਹੋ
- ਤੁਸੀਂ ਬੱਸ ਤੇ ਚੜ੍ਹਨ ਲਈ ਕਿਹੜਾ ਸਥਾਨ ਚੁਣਨਾ ਚਾਹੁੰਦੇ ਹੋ
- ਤੁਸੀਂ ਕਿੱਥੇ ਜਾਣਾ ਚਾਹੁੰਦੇ ਹੋ
- ਤੁਸੀਂ ਕਦੋਂ ਤੱਕ ਪਹੁੰਚਣਾ ਚਾਹੁੰਦੇ ਹੋ
- ਤੁਹਾਡੇ ਸਾਥੀਆਂ ਦੀ ਗਿਣਤੀ
- ਕੀ ਵ੍ਹੀਲਚੇਅਰ ਲਿਫਟ ਦੀ ਲੋੜ ਹੈ

ਜਦੋਂ ਅਸੀਂ ਸੇਵਾ ਲਈ ਤੁਹਾਡੀ ਕੀਤੀ ਗਈ ਬੇਨਤੀ ਦੀ ਪੁਸ਼ਟੀ ਕਰ ਦਿੰਦੇ ਹਾਂ, ਅਸੀਂ ਤੁਹਾਨੂੰ ਸੇਵਾ ਦੇਣ ਲਈ ਲਗਭਗ 15 ਮਿੰਟ ਦਾ ਸਮਾਂ ਦਵਾਂਗੇ।

## ਸਵਾਰ ਲਈ ਸੁਝਾਅ

- ਜਦੋਂ ਤੁਸੀਂ ਸੇਵਾ ਲਈ ਕਾਲ ਕਰਦੇ ਹੋ, ਤਾਂ ਵਾਪਸ ਆਉਣ ਦਾ ਸਮਾਂ ਅਤੇ ਦਿਨ ਨਿਰਧਾਰਤ ਕਰਨਾ ਯਾਦ ਰੱਖੋ, ਜੇਕਰ ਅਜਿਹਾ ਕਰਨਾ ਸੰਭਵ ਹੋਵੇ, ਅਤੇ ਜੇਕਰ ਤੁਸੀਂ ਆਪਣਾ ਰਿਜ਼ਰਵੇਸ਼ਨ ਰੱਦ ਕਰਨਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰੋ।
- ਰਿਜ਼ਰਵੇਸ਼ਨ ਲਈ ਕਾਲ ਕਰਨ ਲਈ ਆਖਰੀ ਮਿੰਟ ਤੱਕ ਉਡੀਕ ਨਾ ਕਰੋ। ਤੁਸੀਂ ਦੋ ਹਫਤੇ (14 ਦਿਨ) ਪਹਿਲਾਂ ਵੀ ਕਾਲ ਕਰ ਸਕਦੇ ਹੋ, ਇਸ ਲਈ ਯਾਤਰਾ ਕਰਨ ਦੀ ਲੋੜ ਪੈਣ ਤੇ ਜਲਦੀ ਤੋਂ ਜਲਦੀ ਕਾਲ ਕਰੋ।
- ਵਧੀਆ ਸੇਵਾ ਉਪਲਬਧਤਾ ਲਈ, ਆਪਣੀ ਮੁਲਾਕਾਤ ਸਵੇਰ ਅਤੇ ਬਾਅਦ ਦੁਪਹਿਰ ਦੇ ਵੱਧ ਟ੍ਰੈਫਿਕ ਵਾਲੇ ਸ਼ੁਰੁਆਤੀ ਸਮੇਂ ਤੋਂ ਬਾਅਦ ਰਖੱਣ ਦੀ ਕੋਸ਼ਿਸ਼ ਕਰੋ।
- ਜੇਕਰ ਤੁਹਾਡੀ ਮੁਲਾਕਾਤ ਰੋਜ਼ ਵਾਂਗ ਹੀ ਹੁੰਦੀ ਹੈ, ਤਾਂ ਇੱਕ ਸਥਾਈ ਰਿਜ਼ਰਵੇਸ਼ਨ ਦੀ ਬੇਨਤੀ ਕਰੋ ਜੋ ਉਸ ਸਮੇਂ ਤੱਕ ਜਾਰੀ ਰਹੇਗੀ ਜਦੋਂ ਤੱਕ ਤੁਸੀਂ ਇਸਨੂੰ ਆਪਣੇ ਮੁਤਾਬਕ ਢਾਲ ਜਾਂ ਰੱਦ ਨਹੀਂ ਕਰਦੇ ਹੋ।
- ਸਹੀ ਕਿਰਾਇਆ ਦਿਓ। ਡਰਾਈਵਰਾਂ ਕੋਲ ਖੁਲ੍ਹੇ ਪੈਸੇ ਨਹੀਂ ਹੁੰਦੇ ਹਨ।

## ਸਹਾਇਕ ADA ਪੈਰਾਟ੍ਰਾਂਜ਼ਿਟ

ਅਮੈਰੀਕਨਜ਼ ਵਿਦ ਡਿਸੇਬਿਲਿਟੀਜ਼ ਐਕਟ (ADA) ਮੁਤਾਬਕ, ਯੂਬਾ-ਸਟਰ ਟ੍ਰਾਂਜ਼ਿਟ ਖ਼ਾਸ ਆਵਾਜਾਈ ਦੀ ਪੇਸ਼ਕਸ਼ ਕਰਦਾ ਹੈ ਜੋ ਅਪਾਹਜਤਾ ਕਾਰਨ ਜਨਤਕ ਬੱਸ ਸੇਵਾ ਦੇ ਨਿਰਧਾਰਤ ਰੂਟ ਟ੍ਰਾਂਜ਼ਿਟ ਦੀ ਸਵਾਰੀ ਨਹੀਂ ਕਰ ਸਕਦੇ ਹਨ। ADA ਪੈਰਾਟ੍ਰਾਂਜ਼ਿਟ ਸੇਵਾ ਸ਼ੁਰੂਆਤ ਤੋਂ ਮੰਜ਼ਿਲ ਤੱਕ, ਸਾਂਝੀ ਸਵਾਰੀ ਆਵਾਜਾਈ ਕਿਸਮ ਦੀ ਸੇਵਾ ਹੈ, ਇਹ ਸਥਾਈ ਰੂਟ ਲਈ ਨਿਰਧਾਰਤ ਦਿਨ ਅਤੇ ਸਮੇਂ ਦੌਰਾਨ ਹੀ ਉਪਲਬਧ ਹੁੰਦੀ ਹੈ। ਇਹ ਨਿਰਧਾਰਤ ਸੇਵਾ ਖੇਤਰ (ਸਥਾਨਕ ਤੈਅ ਰੂਟ ਦੇ 3/4 ਮੀਲ ਦਾ ਘੇਰਾ) ਦੇ ਅੰਦਰ ਕਿਸੇ ਵੀ ਯਾਤਰਾ ਦੇ ਮਕਸਦ ਲਈ ਪਹਿਲਾਂ ਤੋਂ ਪ੍ਰਬੰਧਤ ਆਧਾਰ ਤੇ ਉਪਲਬਧ ਸੇਵਾ ਹੈ। ADA ਪੈਰਾਟ੍ਰਾਂਜ਼ਿਟ ਤੇ ਹਰ ਇੱਕ ਪਾਸੇ ਦੀ ਯਾਤਰਾ ਦਾ ਖਰਚਾ ਸਿਰਫ਼ $2.00 ਹੈ ਅਤੇ ਲੋੜੀਂਦੇ ਯਾਤਰੀਆਂ ਨੂੰ ਬਸ ਵਿੱਚ ਚੜ੍ਹਨ ਵਿੱਚ ਕੁੱਝ ਸਹਾਇਤਾ ਵੀ ਦਿੱਤੀ ਜਾਂਦੀ ਹੈ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਸੀਂ ADA ਪੈਰਾਟ੍ਰਾਂਜ਼ਿਟ ਸੇਵਾ ਲਈ ਯੋਗ ਹੋ ਸਕਦੇ ਹੋ, ਤਾਂ ਤੁਹਾਨੂੰ ਯੂਬਾ-ਸਟਰ ਟ੍ਰਾਂਜ਼ਿਟ ਦੇ ਪ੍ਰਸ਼ਾਸਨਿਕ ਦਫ਼ਤਰ ਰਾਹੀਂ ਅਰਜ਼ੀ ਦੇਣੀ ਚਾਹੀਦੀ ਹੈ ਅਤੇ ਪਤਾ ਕਰਨਾ ਚਾਹੀਦਾ ਹੈ ਕਿ, ਕੀ ਤੁਸੀਂ ADA ਹਦਾਇਤਾਂ ਮੁਤਾਬਕ ਸੇਵਾ ਲਈ ਯੋਗ ਹੋ ਜਾਂ ਨਹੀਂ। ਵਧੇਰੀ ਜਾਣਕਾਰੀ ਲਈ ਜਾਂ ADA ਪੈਰਾਟ੍ਰਾਂਜ਼ਿਟ ਰਾਈਡਰਜ਼ ਗਾਈਡ ਜਾਂ ADA ਯੋਗਤਾ ਅਰਜ਼ੀ ਦੀ ਕਾਪੀ ਲਈ ਬੇਨਤੀ ਕਰਨ ਲਈ, (530) 634-6880 (TTY 530-634-6889) ਤੇ ਕਾਲ ਕਰੋ ਜਾਂ www.yubasuttertransit.com ‘ਤੇ ਜਾਓ।

## ਨਿੱਜੀ ਦੇਖਭਾਲ ਸਹਾਇਕ

ਜੇਕਰ ਤੁਹਾਨੂੰ ਯਾਤਰਾ ਕਰਨ ਜਾਂ ਤੁਹਾਡੇ ਨਾਲ ਮੰਜ਼ਿਲ ਤੱਕ ਪਹੁੰਚਣ ਲਈ ਸਹਾਇਤਾ ਦੀ ਲੋੜ ਹੈ, ਤਾਂ ਨਿੱਜੀ ਦੇਖਭਾਲ ਸਹਾਇਕ ਨਾਲ ਲਿਜਾਣ ਦੀ ਸਲਾਹ ਦਿੱਤੀ ਜਾਂਦੀ ਹੈ। ਨਿੱਜੀ ਦੇਖਭਾਲ ਸਹਾਇਕ ਲਈ ਕਿਰਾਏ ਦਾ ਭੁਗਤਾਨ ਕਰਨ ਦੀ ਲੋੜ ਨਹੀਂ ਹੈ ਅਤੇ ਉਸ ਨੂੰ ਸਵਾਰੀ ਦੇ ਨਾਲ ਹੀ ਬੱਸ ਤੇ ਚੜ੍ਹਨਾ ਅਤੇ ਉਤਰਨਾ ਹੋਵੇਗਾ। ਯਾਤਰਾ ਦਾ ਸਮਾਂ ਨਿਰਧਾਰਤ ਕਰਨ ਸਮੇਂ ਤੁਹਾਨੂੰ ਆਪਣੇ ਨਿੱਜੀ ਦੇਖਭਾਲ ਸਹਾਇਕ ਲਈ ਸਥਾਨ ਪੱਕਾ ਜ਼ਰੂਰ ਕਰਨਾ ਚਾਹੀਦਾ ਹੈ।

ਅਰਜ਼ੀ ਦੀ ਪ੍ਰਕਿਰਿਆ ਦੌਰਾਨ ਹੀ ਸਵਾਰੀ ਦੀ ਨਿੱਜੀ ਦੇਖਭਾਲ ਸਹਾਇਕ ਦੀ ਲੋੜ ਬਾਰੇ ਦੱਸਿਆ ਜਾਣਾ ਚਾਹੀਦਾ ਹੈ। ਜੇਕਰ ਤੁਹਾਨੂੰ ਸੇਵਾ ਲਈ ਪਹਿਲੀ ਵਾਰ ਅਰਜ਼ੀ ਦੇਣ ਵੇਲ਼ੇ ਕਿਸੇ ਨਿੱਜੀ ਦੇਖਭਾਲ ਸਹਾਇਕ ਦੀ ਲੋੜ ਨਹੀਂ ਸੀ ਅਤੇ ਹੁਣ ਤੁਹਾਨੂੰ ਇਸ ਦੀ ਲੋੜ ਹੈ, ਤਾਂ ਯੂਬਾ-ਸਟਰ ਟ੍ਰਾਂਜ਼ਿਟ ਨੂੰ 530-634-6880 ਤੇ ਕਾਲ ਕਰੋ ਕਿ ਤੁਹਾਨੂੰ ਨਿੱਜੀ ਦੇਖਭਾਲ ਸਹਾਇਕ ਫਾਰਮ ਭੇਜਿਆ ਜਾਵੇ।

## ਕਨੈਕਟ ਕਾਰਡ

ਕਨੈਕਟ ਕਾਰਡ ਟ੍ਰਾਂਜ਼ਿਟ ਕਿਰਾਏ
ਦਾ ਭੁਗਤਾਨ ਕਰਨ ਦਾ ਇੱਕ ਸੌਖਾ ਤਰੀਕਾ ਹੈ। ਇਹ ਇੱਕ ਪਲਾਸਟਿਕ, ਮੁੜ-ਲੋਡ ਹੋਣ ਯੋਗ ਸਮਾਰਟ ਕਾਰਡ ਹੈ ਇਸ ਵਿੱਚ ਇੱਕ ਕੰਪਿਊਟਰ ਚਿੱਪ ਲੱਗੀ ਹੋਈ ਹੈ, ਜੋ ਨਿਯਮਤ ਜਾਂ ਛੋਟ ਵਾਲੇ ਕਿਰਾਏ ਲਈ ਨਕਦੀ ਅਤੇ/ਜਾਂ ਮਹੀਨਾਵਾਰ ਪਾਸ ਸਟੋਰ ਕਰ ਸਕਦੀ ਹੈ। ਇਸ ਨੂੰ ਯੂਬਾ-ਸਟਰ ਟ੍ਰਾਂਜ਼ਿਟ, ਸੈਕਰਾਮੈਂਟੋ ਰੀਜਨਲ ਟ੍ਰਾਂਜ਼ਿਟ ਅਤੇ ਗ੍ਰੇਟਰ ਸੈਕਰਾਮੈਂਟੋ ਖੇਤਰ ਵਿੱਚ ਸੱਤ ਹੋਰ ਟ੍ਰਾਂਜ਼ਿਟ ਪ੍ਰਦਾਤਾਵਾਂ ਦੁਆਰਾ ਸਵੀਕਾਰ ਕੀਤਾ ਜਾਂਦਾ ਹੈ।

ਸ਼ੁਰੂ ਕਰਨ ਲਈ **ConnectTransitCard.com** ਤੇ ਜਾਓ। ਜਦੋਂ ਤੁਸੀਂ ਔਨਲਾਈਨ ਆਰਡਰ ਦੇਣ ਅਤੇ ਕਨੈਕਟ ਕਾਰਡ ਵਿੱਚ ਪੂਰਾ ਕਿਰਾਇਆ* ਭਰ ਲੈਂਦੇ ਹੋ, ਤੁਹਾਨੂੰ ਇਹ 3 - 5 ਦਿਨਾਂ ਵਿੱਚ ਡਾਕ ਰਾਹੀਂ ਮਿਲ ਜਾਵੇਗਾ। ਜਦੋਂ ਤੁਸੀਂ ਕਿਸੇ ਵੀ ਯੂਬਾ-ਸਟਰ ਟ੍ਰਾਂਜ਼ਿਟ ਬੱਸ ਤੇ ਸਵਾਰ ਹੋਵੋ ਤਾਂ ਬਸ ਇਸ ਨੂੰ ਕਨੈਕਟ ਕਾਰਡ ਰੀਡਰ ਤੇ ਟੈਪ ਕਰੋ ਅਤੇ ਦੁਬਾਰਾ ਲੋੜ ਪੈਣ ਤੇ ਮੁੜ ਲੋਡ ਕਰੋ।

**ਛੋਟ ਵਾਲੇ ਕਿਰਾਏ ਵਾਲੇ ਮੁਸਾਫਰਾਂ ਨੂੰ ਆਪਣੇ ਪਹਿਲੇ ਕਨੈਕਟ ਕਾਰਡ ਲਈ ਯੂਬਾ-ਸਟਰ ਟ੍ਰਾਂਜ਼ਿਟ ਦਫਤਰ ਜਾਣਾ ਚਾਹੀਦਾ ਹੈ ਜੋ ਕਿ ਛੋਟ ਵਾਲੇ ਕਿਰਾਏ ਦੇ ਯੋਗਤਾ ਮੰਤਵਾਂ ਲਈ ਉਨ੍ਹਾਂ ਦਾ ਨਵਾਂ ਫ਼ੋਟੋ ID ਕਾਰਡ ਵੀ ਹੋਵੇਗਾ।*

Yuba-Sutter Transit

## ਫ਼ੋਟੋ ID ਕਾਰਡ ਕਿਵੇਂ ਪ੍ਰਾਪਤ ਕੀਤਾ ਜਾਵੇ?

ਬਜ਼ੁਰਗ/ਅਪਾਹਜ ਪ੍ਰਮਾਣੀਕਰਨ ਅਰਜ਼ੀ ਲਈ (530) 634-6880 (TTY 634-6889)
'ਤੇ ਕਾਲ ਕਰੋ ਜਾਂ ਸਾਡੀ ਵੈੱਬਸਾਈਟ www.yubasuttertransit.com ਤੋਂ ਕਾਪੀਆਂ ਪ੍ਰਿੰਟ ਕਰੋ।

ਯੋਗ ਬਜ਼ੁਰਗ ਅਤੇ ਅਪਾਹਜ ਵਿਅਕਤੀ ਮੈਰੀਸਵਿਲ ਵਿੱਚ 2100 ਬੀ ਸਟ੍ਰੀਟ ਵਿਖੇ ਯੂਬਾ-ਸੁਟਰ
ਟ੍ਰਾਂਜ਼ਿਟ ਦੇ ਪ੍ਰਸ਼ਾਸ਼ਨਿਕ ਦਫ਼ਤਰ ਤੋਂ ਹਫਤੇ ਦੇ ਕੰਮਕਾਜੀ ਦਿਨਾਂ ਦੌਰਾਨ ਸਵੇਰੇ 9:00 ਵਜੇ ਤੋਂ ਦੁਪਹਿਰ ਤੱਕ ਅਤੇ ਦੁਪਹਿਰ। 1:00 ਵਜੇ ਤੋਂ 4:00 ਵਜੇ ਤੱਕ $5.00 ਵਿੱਚ ਕਨੈਕਟ ਕਾਰਡ ਫ਼ੋਟੋ ID ਖ਼ਰੀਦ ਸਕਦੇ ਹਨ।

## ਕਨੈਕਟ ਕਾਰਡ ਆਊਟਲੈੱਟ

ਤੁਸੀਂ ਮੁੱਖ ਯੂਬਾ ਅਤੇ ਸਟਰ ਕਾਉਂਟੀ ਲਾਇਬ੍ਰੇਰੀਆਂ; ਯੂਬਾ ਕਾਲਜ ਬੁਕਸਟੋਰ; ਅਤੇ ਯੂਬਾ-ਸਟਰ ਟ੍ਰਾਂਜ਼ਿਟ ਪ੍ਰਸ਼ਾਸ਼ਨਿਕ ਦਫ਼ਤਰ ਵਿਖੇ ਆਪਣੇ ਕਨੈਕਟ ਕਾਰਡ ਤੇ ਮਾਸਿਕ ਪਾਸ ਜਾਂ ਨਕਦੀ ਲੋਡ ਕਰ ਸਕਦੇ ਹੋ। ਇਸ ਤੋਂ ਇਲਾਵਾ, $10 ਟਿਕਟ ਸ਼ੀਟਾਂ ਅਤੇ ਇੱਕ ਯਾਤਰਾ ਵਾਲੀਆਂ ਟਿਕਟਾਂ ਯੂਬਾ-ਸਟਰ ਟ੍ਰਾਂਜ਼ਿਟ ਵਿਖੇ ਜਾਂ ਡਾਕ ਰਾਹੀਂ ਉਪਲਬਧ ਹਨ। ਵਧੇਰੇ ਜਾਣਕਾਰੀ ਲਈ (530) 634-6880 'ਤੇ ਕਾਲ ਕਰੋ।

**ਡਾਇਲ-ਏ-ਰਾਈਡ ਸੇਵਾ ਤੇ ਮਹੀਨਾਵਾਰ ਪਾਸ ਸਵੀਕਾਰ ਨਹੀਂ ਕੀਤੇ ਜਾਂਦੇ ਹਨ**

ਸੇਵਾ ਸਬੰਧੀ ਜਾਣਕਾਰੀ
(530) 742-2877
(TTY) 634-6889
www.yubasuttertransit.com
2100 ਬੀ ਸਟ੍ਰੀਟ, ਮੈਰੀਸਵਿਲ, CA 95901
ਇਸ ਬਿਨ੍ਹਾਂ ਕੋਈ ਨੋਟਿਸ ਦਿੱਤੇ ਬਦਲਾਅ ਕੀਤਾ ਜਾ ਸਕਦਾ ਹੈ।
ਬੇਨਤੀ ਕਰਨ ਤੇ ਸਮੱਗਰੀ ਪਹੁੰਚਯੋਗ ਫਾਰਮੈਟਾਂ ਵਿੱਚ ਉਪਲਬਧ ਕਰਵਾਈ ਜਾਂਦੀ ਹੈ
(530) 634-6880 ਤੇ ਕਾਲ ਕਰੋ।